## ਅਸੀਂ ਕਿਹਨਾਂ ਨੂੰ ਦੇਖਦੇ ਹਾਂ:

ਹੇਠਾਂ ਦਿੱਤੇ ਲੋਕ ਸ਼ਾਮਲ ਹਨ:

- ਜਿਨ੍ਹਾਂ ਦੇ ਦਿਮਾਗ ਨੂੰ ਸੱਟ ਲੱਗੀ ਹੋਵੇ
- ਜਿਨ੍ਹਾਂ ਦੇ ਅੰਗ ਕੱਟੇ ਗਏ ਹੋਣ
- ਜਿਨ੍ਹਾਂ ਨੂੰ ਜੋੜਾਂ ਦਾ ਦਰਦ (ਅਰਥਰਾਈਟਸ) ਹੋਵੇ
- ਜਿਨ੍ਹਾਂ ਨੂੰ ਸਾੜ ਲੱਗਾ ਹੋਵੇ
- ਜਿਨ੍ਹਾਂ ਨੂੰ ਕੈਂਸਰ ਹੋਵੇ ਜੋ ਸੈਂਟਰਲ/ਪੈਰਿਫਰਲ ਨਰਵਸ ਸਿਸਟਮ (ਕੇਂਦਰੀ/ਬਾਹਰੀ ਤੰਤੂ ਪ੍ਰਬੰਧ) ’ਤੇ ਅਸਰ ਕਰ ਰਹੀ ਹੋਵੇ
- ਜਿਨ੍ਹਾਂ ਨੂੰ ਸੈਰੇਬਰਲ ਪੈਲਸੀ ਹੋਵੇ
- ਜਿਨ੍ਹਾਂ ਨੂੰ ਜੁਲੈਨ-ਬਾਰੇ ਸਿੰਡਰੋਮ ਹੋਵੇ
- ਜਿਨ੍ਹਾਂ ਨੂੰ ਮਲਟੀਪਲ ਸਕਲੈਰੋਸਿਸ ਹੋਵੇ
- ਜਿਨ੍ਹਾਂ ਨੂੰ ਮਸਕਲਰ ਡਿਸਟ੍ਰੋਫੀਜ਼ ਹੋਵੇ
- ਜਿਨ੍ਹਾਂ ਨੂੰ ਨਿਊਰੋਮੀਇਲਾਈਟਿਸ ਔਪਟਿਕਾ ਹੋਵੇ
- ਜਿਨ੍ਹਾਂ ਨੂੰ ਪਾਰਕਿਨਸਨ’ਜ਼ ਦੀ ਬੀਮਾਰੀ ਹੋਵੇ
- ਸੌਲਿਡ ਔਰਗੈਨ ਟ੍ਰਾਂਸਪਲੈਂਟ ਤੋਂ ਪਹਿਲਾਂ/ਬਾਅਦ ਵਾਲੇ ਲੋਕ
- ਜਿਨ੍ਹਾਂ ਨੂੰ ਸਪਾਈਨਾ ਬਿਫਿਡਾ ਹੋਵੇ
- ਜਿਨ੍ਹਾਂ ਦੀ ਰੀੜ੍ਹ ਦੀ ਹੱਡੀ (ਸਪਾਈਨਲ ਕੋਰਡ) ਵਿੱਚ ਸੱਟ ਲੱਗੀ ਹੋਵੇ
- ਜਿਨ੍ਹਾਂ ਨੂੰ ਟਰਾਂਸਵਰਸ ਮਾਈਲਾਈਟਸ ਹੋਵੇ
- ਜਿਨ੍ਹਾਂ ਦੇ ਦਿਮਾਗ ਨੂੰ ਝਟਕਾ ਪਹੁੰਚਾ ਸਕਣ ਵਾਲੀ (ਟਰਾਮੈਟਿਕ) ਸੱਟ ਲੱਗੀ ਹੋਵੇ

## ਕਾਮੁਕ ਸਿਹਤ ਦੀ ਬਹਾਲੀ ਦੀ ਸਰਵਿਸ ਤੱਕ ਕਿਵੇਂ ਪਹੁੰਚ ਕਰਨੀ ਹੈ

ਕਿਸੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਵੱਲੋਂ ਭੇਜੇ ਜਾਣ (ਰੈਫਰਲ) ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਕਿਰਪਾ ਕਰਕੇ ਸਾਡੇ ਕੋਲ ਭੇਜੇ ਜਾਣ ਦੀਆਂ ਸਾਰੀਆਂ ਪੁੱਛਾਂ ਲਈ **604-737-6233** ’ਤੇ ਫੋਨ ਕਰੋ।

http://www.vch.ca/Locations-Services/result?res_id=871

**SCIsexualhealth.ca**

ਐੱਸ ਸੀ ਆਈ ਬਾਅਦ ਸੈਕਸ

ਜਣਨ ਸ਼ਕਤੀ

ਗਰਭ

ਸੰਵੇਦਨਾ

ਆਂਦਰ/ਮਸਾਨਾ

ਗਤੀਸ਼ੀਲਤਾ (ਮੋਬਿਲਿਟੀ)

ਰਿਸ਼ਤੇ

ਅਤੇ ਹੋਰ ਕੁੱਝ!

PATIENT APPROVED PUBLIC

Making better decisions together with patients and families

ਲੋਕਾਂ ਦੀਆਂ ਫੋਟੋਆਂ ਤਿਆਰ ਕੀਤੀਆਂ ਗਈਆਂ - rawpixel.com - www.freepik.com

ਹੋਰ ਕਾਪੀਆਂ ਲੈਣ ਲਈ ਆਨਲਾਈਨ **http://vch.eduhealth.ca** ’ਤੇ ਜਾਉ, ਕਾਮੁਕ ਸਿਹਤ ਦੀ ਬਹਾਲੀ ਦੀ ਸਰਵਿਸ ਨੂੰ **604-737-6233** ’ਤੇ ਫੋਨ ਕਰੋ ਜਾਂ **phem@vch.ca** ’ਤੇ ਈਮੇਲ ਕਰੋ ਅਤੇ ਕੈਟਾਲੌਗ ਨੰਬਰ **GA.022.SE92.PU**
© ਵੈਨਕੂਵਰ ਕੋਸਟਲ ਹੈਲਥ, ਅਗਸਤ 2019

ਇਸ ਲਿਖਤ ਵਿਚਲੀ ਜਾਣਕਾਰੀ ਸਿਰਫ ਉਸ ਵਿਅਕਤੀ ਲਈ ਹੈ ਜਿਸ ਨੂੰ ਇਹ ਹੈਲਥ ਕੇਅਰ ਟੀਮ ਵੱਲੋਂ ਦਿੱਤੀ ਗਈ ਸੀ।
www.vch.ca

Vancouver CoastalHealth
*Promoting wellness. Ensuring care.*

# ਕਾਮੁਕ ਸਿਹਤ ਦੀ ਬਹਾਲੀ ਦੀ ਸਰਵਿਸ

# Sexual Health Rehabilitation Service



ਜੀ ਐੱਫ ਸਟਰੌਂਗ ਰੀਹੈਬ ਸੈਂਟਰ
4255 Laurel Street
Vancouver BC V5Z 2G9
ਟੈਲੀਫੋਨ: 604-737-6233
https://scisexualhealth.ca

## ਕਾਮੁਕਤਾ ਕੀ ਹੈ?

ਕਾਮੁਕਤਾ (ਸੈਕਸੁਐਲਿਟੀ) ਵਿੱਚ ਉਹ ਸਾਰੀਆਂ ਭਾਵਨਾਵਾਂ, ਮਨੋਬਿਰਤੀਆਂ ਅਤੇ ਵਤੀਰੇ ਸ਼ਾਮਲ ਹਨ ਜਿਹੜੇ ਕਿਸੇ ਵੀ ਮਨੁੱਖ ਦੀ ਸਵੈ ਚੇਤਨਾ ਵਿੱਚ ਵਾਧਾ ਕਰਦੇ ਹਨ। ਇਹਨਾਂ ਭਾਵਨਾਵਾਂ 'ਤੇ ਤੁਹਾਡੀ ਉਮਰ, ਸਭਿਆਚਾਰ ਅਤੇ ਜ਼ਿੰਦਗੀ ਦੇ ਤਜਰਬਿਆਂ ਦਾ ਅਸਰ ਹੋ ਸਕਦਾ ਹੈ।

## ਕਾਮੁਕ ਸਿਹਤ ਦੀ ਬਹਾਲੀ ਦੀ ਸਰਵਿਸ (ਐੱਸ ਐੱਚ ਆਰ ਐੱਸ) ਕੀ ਹੈ?

ਅਸੀਂ ਬਹਾਲੀ ਨਾਲ ਸੰਬੰਧਤ ਨਰਸਾਂ ਦੀ ਇਕ ਟੀਮ ਹਾਂ ਜੋ ਕਾਮੁਕ ਸਿਹਤ ਅਤੇ ਅਪਾਹਜਪੁਣੇ ਦੇ ਖੇਤਰ ਵਿੱਚ ਮੁਹਾਰਤ ਰੱਖਦੀਆਂ ਹਾਂ।

ਅਸੀਂ ਗੁਪਤ ਸਿੱਖਿਆ ਦਿੰਦੀਆਂ ਹਾਂ ਅਤੇ ਕਾਮੁਕ ਤੰਦਰੁਸਤੀ ਵਿੱਚ ਸੁਧਾਰ ਲਈ ਮਦਦ ਕਰਦੀਆਂ ਹਾਂ। ਅਸੀਂ ਡਾਕਟਰਾਂ ਅਤੇ ਕਮਿਊਨਿਟੀ ਵਿਚਲੀਆਂ ਹੋਰ ਸੰਸਥਾਵਾਂ ਨਾਲ ਕੰਮ ਕਰਦੀਆਂ ਹਾਂ।

### ਆਮ ਵਿਸ਼ਿਆਂ ਵਿੱਚ ਸ਼ਾਮਲ ਹਨ:

- ਭਰੋਸਾ
- ਸਵੈ-ਅਕਸ/ਸਵੈ-ਮਾਣ
- ਕਾਮੁਕ ਕਰਮ
- ਰਿਸ਼ਤੇ
- ਜਣਨ ਸ਼ਕਤੀ
- ਕਾਮੁਕ ਆਨੰਦ ਵਿੱਚ ਵਾਧਾ ਕਰਨ ਵਾਲੀਆਂ ਚੀਜ਼ਾਂ (ਸੈਕਸੂਅਲ ਏਡਜ਼)
- ਗੱਲਬਾਤ



ਕੁੱਝ ਲੋਕਾਂ ਲਈ ਕਾਮੁਕ ਸਿਹਤ ਇਕ ਮਹੱਤਵਪੂਰਨ ਪਰ ਬਹੁਤੀ ਵਾਰ ਸਿਹਤ ਦਾ ਗੱਲਬਾਤ ਕਰਨ ਦਾ ਔਖਾ ਖੇਤਰ ਹੈ। ਸਾਡੀ ਸਰਵਿਸ ਦਾ ਨਿਸ਼ਾਨਾ ਤੁਹਾਡੇ ਫਿਕਰਾਂ ਵਿੱਚ ਮਦਦ ਕਰਨ ਲਈ ਸਮਰਥਨ ਭਰਿਆ ਢੰਗ ਪ੍ਰਦਾਨ ਕਰਨਾ ਹੈ।

ਜੇ ਤੁਹਾਨੂੰ ਇਹ ਪਤਾ ਨਾ ਲੱਗਦਾ ਹੋਵੇ ਕਿ ਕਿਹੜੇ ਸਵਾਲ ਪੁੱਛਣੇ ਹਨ, ਤਾਂ ਅਸੀਂ ਤੁਹਾਡੀ ਸੌਖ ਅਤੇ ਰਜ਼ਾਮੰਦੀ ਦੇ ਆਧਾਰ 'ਤੇ ਗੱਲਬਾਤ ਨੂੰ ਸੇਧ ਦੇਣ ਵਿੱਚ ਮਦਦ ਕਰ ਸਕਦੀਆਂ ਹਾਂ। ਹੋਰ ਜਾਣਕਾਰੀ ਲਈ ਸਾਡਾ ਵੈੱਬਸਾਈਟ ਦੇਖੋ: scisexualhealth.ca

## ਆਮ ਸਵਾਲ/ਫਿਕਰ:

- ਕੀ ਮੈਂ ਅਜੇ ਵੀ ਸੈਕਸ ਕਰ ਸਕਦਾ/ਸਕਦੀ ਹਾਂ?
- ਕੀ ਮੈਂ ਹੁਣ ਬੱਚੇ ਪੈਦਾ ਕਰ ਸਕਦਾ/ਸਕਦੀ ਹਾਂ?
- ਮੈਂ ਆਪਣੇ ਸਾਥੀ/ਆਪਣੀ ਸਾਥਣ ਨਾਲ ਸਿਹਤਮੰਦ ਰਿਸ਼ਤਾ ਕਿਵੇਂ ਕਾਇਮ ਰੱਖ ਸਕਦਾ/ਸਕਦੀ ਹਾਂ?
- ਮੈਂ ਆਪਣੇ ਸਾਥੀ/ਆਪਣੀ ਸਾਥਣ ਨਾਲ ਸੈਕਸ ਬਾਰੇ ਕਿਸ ਤਰ੍ਹਾਂ ਗੱਲ ਕਰਾਂਗਾ/ਕਰਾਂਗੀ?
- ਮੈਂ ਆਪਣੇ ਸਵੈ-ਵਿਸ਼ਵਾਸ ਵਿੱਚ ਕਿਸ ਤਰ੍ਹਾਂ ਸੁਧਾਰ ਕਰ ਸਕਦਾ/ਸਕਦੀ ਹਾਂ?

### ਇਹ ਸਰਵਿਸ ਲੈਣ ਦਾ ਕੀ ਖਰਚਾ ਹੈ?

ਕਾਮੁਕ ਸਿਹਤ ਦੀ ਬਹਾਲੀ ਦੀ ਸਰਵਿਸ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਸੂਬੇ ਦੀ ਹੈਲਥ ਪਲੈਨ ਹੇਠ ਕਵਰ ਕੀਤੀਆਂ ਜਾਂਦੀਆਂ ਹਨ।

## ਸਾਡੇ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ:

### ਗਾਹਕਾਂ, ਸਾਥੀਆਂ ਅਤੇ ਪਰਿਵਾਰ ਦੇ ਮੈਂਬਰਾਂ ਲਈ

- ਇਕੱਲੇ ਇਕੱਲੇ ਲਈ/ਜੋੜਿਆਂ ਲਈ ਕਾਊਂਸਲਿੰਗ ਅਤੇ ਸਿੱਖਿਆ
- ਗਰੁੱਪ ਵਰਕਸ਼ਾਪਾਂ
- ਸਹਾਰਾ ਗਰੁੱਪ
- ਵਸੀਲਿਆਂ ਤੱਕ ਪਹੁੰਚ
- ਸਪਰਮ ਰਿਟ੍ਰੀਬਲ ਕਲਿਨਕ (ਉਨ੍ਹਾਂ ਮਰਦਾਂ ਲਈ ਜਿਹਨਾਂ ਦੀ ਵੀਰਜ ਛੁੱਟਣ ਦੀ ਕਿਰਿਆ ਵਿੱਚ ਤਬਦੀਲੀ ਆ ਰਹੀ ਹੋਵੇ)
- ਕਾਮੁਕ ਦਵਾਈਆਂ ਦੇ ਡਾਕਟਰ ਨਾਲ ਸਲਾਹ ਮਸ਼ਵਰਾ

### ਸਿਹਤ ਸੰਭਾਲ ਕਰਨ ਵਾਲੇ ਪੇਸ਼ਾਵਰਾਂ ਲਈ

- ਖਾਸ ਤਿਆਰ ਕੀਤੀਆਂ ਵਰਕਸ਼ਾਪਾਂ ਅਤੇ ਪੇਸ਼ਕਾਰੀਆਂ
- ਗਾਹਕਾਂ ਦੇ ਮਸਲਿਆਂ ਬਾਰੇ ਸਲਾਹ ਮਸ਼ਵਰਾ
- ਆਪਣੇ ਗਾਹਕਾਂ ਦੇ ਕਾਮੁਕ ਸਿਹਤ ਨਾਲ ਸੰਬੰਧਤ ਫਿਕਰਾਂ ਬਾਰੇ ਗੱਲਬਾਤ ਵਿੱਚ ਮਦਦ ਕਰਨ ਲਈ ਸਟਾਫ ਨੂੰ ਵਿਦਿਅਕ ਸਮੱਗਰੀ ਪ੍ਰਦਾਨ ਕਰਨਾ
- ਕਮਿਊਨਿਟੀ ਵਿਚਲੇ ਵਸੀਲਿਆਂ ਨਾਲ ਰਾਬਤਾ ਬਣਾਉਣਾ